९-६
2025|28665


# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ. ਫੇਜ-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221


ਮੀਮੋ ਨੰਬਰ :SCERT-SDP01/78/2025-SDP-SCERT/928285/855
ਮਿਤੀ : ਐਸ.ਏ.ਐਸ.ਨਗਰ, 05-09-2025

## ਜਨਤਕ ਸੂਚਨਾ

1.0 ਇਸ ਦਫ਼ਤਰ ਦੇ ਪੱਤਰ ਮੀਮੋ ਨੰਬਰ : SCERT-SDP01/78/2025-SDP-SCERT/928285/793 ਮਿਤੀ : ਐਸ.ਏ.ਐਸ.ਨਗਰ, 14-08-2025 ਵਿੱਚ ਦਰਸਾਏ ਅਨੁਸਾਰ ਸਾਲ 2025-26 ਦੌਰਾਨ 50-50 ਸਕੂਲ ਹੈਡਮਾਸਟਰਾਂ ਦੇ ਬੈਚਾਂ ਨੂੰ IIM ਅਹਿਮਦਾਬਾਦ ਵਿਖੇ ਟ੍ਰੇਨਿੰਗ ਤੇ ਭੇਜਣ ਲਈ ਮਿਤੀ 18-08-2025 ਤੋਂ ਮਿਤੀ 25-08-2025 ਤੱਕ ਅਰਜ਼ੀਆਂ ਦੀ ਮੰਗ ਕਰਨ ਲਈ ਜਨਤਕ ਸੂਚਨਾ ਭੇਜੀ ਗਈ ਸੀ ਪ੍ਰੰਤੂ ਪੋਰਟਲ ਵਿੱਚ ਕੁੱਝ ਟੈਕਨੀਕਲ ਕਾਰਨਾਂ ਕਾਰਨ ਉਮੀਦਵਾਰਾਂ ਵੱਲੋਂ ਪੋਰਟਲ ਤੇ ਅਪਲਾਈ ਨਹੀਂ ਕੀਤਾ ਜਾ ਸਕਿਆ ਸੀ।

2.0 ਉਕਤ ਦੇ ਮੱਦੇਨਜ਼ਰ ਵਿਭਾਗ ਵੱਲੋਂ ਸਾਲ 2025-26 ਦੌਰਾਨ 50-50 ਸਕੂਲ ਹੈਡਮਾਸਟਰਾਂ ਦੇ ਬੈਚਾਂ ਨੂੰ IIM ਅਹਿਮਦਾਬਾਦ ਵਿਖੇ ਟ੍ਰੇਨਿੰਗ ਤੇ ਭੇਜਣ ਲਈ ਮਿਤੀ 06-09-2025 ਤੋਂ ਮਿਤੀ 13-09-2025 ਤੱਕ ਅਰਜ਼ੀਆਂ ਦੀ ਮੰਗ ਕਰਨ ਲਈ ਜਨਤਕ ਸੂਚਨਾ ਭੇਜੀ ਜਾ ਰਹੀ ਹੈ।

3.0 IIM ਅਹਿਮਦਾਬਾਦ ਵਿਖੇ 50-50 ਸਕੂਲ ਹੈਡਮਾਸਟਰਾਂ ਦੇ ਬੈਚਾ ਦੀ ਟ੍ਰੇਨਿੰਗ ਕ੍ਰਮਵਾਰ ਮਿਤੀ 03 ਤੋਂ 07 ਨਵੰਬਰ, 2025 ਤੱਕ (5 ਦਿਨ) ਅਤੇ ਮਿਤੀ 15 ਤੋਂ 19 ਦਸੰਬਰ, 2025 ਤੱਕ (5 ਦਿਨ) ਕਰਵਾਈ ਜਾਵੇਗੀ।

4.0 ਉਕਤ ਟ੍ਰੇਨਿੰਗ ਦੀਆਂ ਮੁੱਢਲੀਆਂ (Preliminary Screening) ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰ. | ਮਾਪਦੰਡ | ਬਿਨੈਕਾਰ ਦੇ ਮਾਪਦੰਡ |
|---|---|---|
| 1 | ਉਮਰ | 53 ਸਾਲ ਜਾਂ ਘੱਟ (ਮਿਤੀ 30/06/2025 ਤੱਕ) |
| 2 | ਇਨਕੁਆਰੀ/ ਪੜਤਾਲ ਪੈਂਡਿੰਗ | ਪ੍ਰਾਰਥੀ/ ਅਧਿਕਾਰੀ ਦੇ ਖਿਲਾਫ ਅਪਲਾਈ ਕਰਨ ਸਮੇਂ ਅਤੇ ਟ੍ਰੇਨਿੰਗ ਤੇ ਜਾਣ ਸਮੇਂ ਕਿਸੇ ਵੀ ਕਿਸਮ ਦੀ ਚਾਰਜ਼ ਸ਼ੀਟ/ਦੋਸ਼ ਸੂਚੀ/ਅਪਰਾਧਿਕ ਕੇਸ ਆਦਿ ਜਾਰੀ ਨਾ ਹੋਈ ਹੋਵੇ, ਕੋਈ ਪੜਤਾਲ ਪੈਂਡਿੰਗ ਨਾ ਹੋਵੇ ਅਤੇ ਕਰਮਚਾਰੀ ਕਿਸੇ ਪ੍ਰਕਾਰ ਦੀ ਸਜਾ ਅਧੀਨ ਨਾ ਹੋਵੇ। |
| 3. | ਪ੍ਰਾਰਥੀ/ ਅਧਿਕਾਰੀ ਸਕੂਲ ਸਿੱਖਿਆ ਵਿਭਾਗ, ਪੰਜਾਬ ਦਾ ਰੈਗੂਲਰ ਕਰਮਚਾਰੀ ਹੋਵੇ ਅਤੇ ਉਸ ਨੇ ਆਪਣਾ ਪਰਖ ਸਮਾਂ ਪਾਰ ਕੀਤਾ ਹੋਵੇ ਅਤੇ ਉਸ ਦੀ ਨਿਯੁਕਤੀ/ ਸੇਵਾਵਾਂ confirmed ਹੋਣ। | |

ਯੋਗ ਉਮੀਦਵਾਰ ਆਪਣੀ E-Punjab ਆਈ.ਡੀ ਰਾਹੀਂ ਟ੍ਰੇਨਿੰਗ ਲਿੰਕ ਤੇ ਮਿਤੀ 06-09-2025 ਤੋਂ 13-09-2025 ਸ਼ਾਮ ਪੰਜ ਵਜੇ ਤੱਕ ਅਪਲਾਈ ਕਰ ਸਕਦੇ ਹਨ। ਜਿਸ ਦੀ ਵੈਰੀਫਿਕੇਸ਼ਨ ਸੰਬੰਧਤ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿੱ) ਵੱਲੋਂ ਮਿਤੀ 15-09-2025 ਤੋਂ 16-09-2025 ਤੱਕ ਕੀਤੀ ਜਾਵੇਗੀ। ਜਿਹੜੇ ਉਮੀਦਵਾਰ ਮੁੱਢਲੀਆਂ ਸ਼ਰਤਾਂ ਪੂਰੀਆਂ ਕਰਦੇ ਹੋਣਗੇ, ਉਹਨਾਂ ਨੂੰ ਅਗਲੇ (Secondary Criteria) ਰਾਊਂਡਜ਼ ਲਈ ਵਿਚਾਰਿਆ ਜਾਵੇਗਾ। ਜਿਸ ਵਿੱਚ ਅਧਿਆਪਕਾਂ ਦੀਆਂ ACRs, ਵਿੱਦਿਅਕ ਯੋਗਤਾਵਾਂ, ਤਜਰਬਾ, ਐਵਾਰਡ, Quality Education ਲਈ ਦਿੱਤੇ ਗਏ ਯੋਗਦਾਨ ਦੇ ਆਧਾਰ ਤੇ ਤਿਆਰ ਕੀਤੀ ਮੈਰਿਟ ਅਨੁਸਾਰ ਟ੍ਰੇਨਿੰਗ ਲਈ ਭੇਜਿਆ ਜਾਵੇਗਾ।

6.0 ਉਕਤ ਦਰਸਾਏ ਦੇ ਆਧਾਰ ਤੇ 100 ਉਮੀਦਵਾਰਾਂ ਦੀ ਮੈਰਿਟ ਤਿਆਰ ਕੀਤੀ ਜਾਵੇਗੀ। ਚੁਣੇ ਗਏ ਉਮੀਦਵਾਰਾਂ ਵਿੱਚੋਂ ਮੈਰਿਟ ਅਨੁਸਾਰ ਪਹਿਲੇ 50 ਉਮੀਦਵਾਰਾਂ ਨੂੰ ਮਿਤੀ 03 ਤੋਂ 07 ਨਵੰਬਰ, 2025 ਤੱਕ (5 ਦਿਨ) ਅਤੇ ਅਗਲੇ 50 ਉਮੀਦਵਾਰਾਂ ਨੂੰ ਮਿਤੀ 15 ਤੋਂ 19 ਦਸੰਬਰ, 2025 ਤੱਕ (5 ਦਿਨ) ਟ੍ਰੇਨਿੰਗ ਲਈ ਭੇਜਿਆ ਜਾਵੇਗਾ।

7.0 ਅਪਲਾਈ ਕਰਨ ਲਈ ਲਿੰਕ E-Punjab ਪੋਰਟਲ ਤੇ ਮਿਤੀ 06-09-2025 ਤੋਂ 13-09-2025 ਸ਼ਾਮ ਪੰਜ ਵਜੇ ਤੱਕ ਖੁੱਲ੍ਹਾ ਰਹੇਗਾ।

**ਸਹਾਇਕ ਡਾਇਰੈਕਟਰ**
**ਐਸ.ਸੀ.ਈ.ਆਰ.ਟੀ. ਪੰਜਾਬ।**

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ) ਬਠਿੰਡਾ

ਪਿੱਠ ਅੰਕਣ ਨੰ ਕ-6/2025/4401 ਮਿਤੀ 05/09/2025

ਉਪਰੋਕਤ ਅੰਕਿਤ ਵਿਸ਼ੇ ਦੇ ਸਬੰਧ ਵਿਚ ਅਧਿਆਪਕਾਂ ਦੀ ਵਿਦੇਸ਼ ਟ੍ਰੇਨਿੰਗ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਸੀ ਪਰ ਪੋਰਟਲ ਵਿਚ ਕੁਝ ਟੈਕਨੀਕਲ ਕਾਰਨਾਂ ਕਾਰਨ ਉਮੀਦਵਾਰਾਂ ਵੱਲੋਂ ਅਪਲਾਈ ਨਹੀਂ ਕੀਤਾ ਜਾ ਸਕਿਆ ਇਸ ਲਈ ਦੁਬਾਰਾ ਮਿਤੀ 06-9-2025 ਤੋਂ 13-09-2025 ਤੱਕ ਅਰਜ਼ੀਆਂ ਪੱਤਰ ਵਿਚ ਦਿੱਤੀਆਂ ਹਦਾਇਤਾਂ ਅਨੁਸਾਰ ਭੇਜਣੀਆਂ ਯਕੀਨੀ ਬਣਾਈਆਂ ਜਾਣ।

ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ)
ਬਠਿੰਡਾ
05/09/2025